**ਦਫਤਰ ਡਾਇਰੈਕਟੋਰੇਟ ਸਕੂਲ ਸਿੱਖਿਆ ਵਿਭਾਗ (ਸੈਕੰਡਰੀ ਸਿੱਖਿਆ) ਪੰਜਾਬ, ਐਸ. ਏ. ਐਸ. ਨਗਰ।**

( ਪ੍ਰਮੋਸ਼ਨ ਸੈਲ )

ਨੋਟਿਸ

ਮਿਤੀ 18/11/2024

**( ਲੈਕਚਰਾਰ ਕਾਡਰ ਦੀ ਸੀਨੀਆਰਤਾ ਬਾਬਤ )**

**ਦੂਜਾ ਪੜ੍ਹਾਅ**

1.0 ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸਿ.ਰਿ.ਪ. 412 ਆਫ 2016 ਵਿੱਚ ਮਿਤੀ 27.02.2023 ਨੂੰ ਫੈਸਲਾ ਦਿੰਦੇ ਹੋਏ ਲੈਕਚਰਾਰ ਕਾਡਰ ਦੀ ਸੀਨੀਆਰਤਾ ਨੂੰ ਬਨਾਉਣ ਦਾ ਫੈਸਲਾ ਦਿੱਤਾ ਗਿਆ ਹੈ। ਇਸ ਸਬੰਧ ਵਿੱਚ ਵਿਭਾਗ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਦੀ ਪਾਲਣਾ ਕਰਦੇ ਮਿਤੀ 29.08.2024 ਨੂੰ ਵਿਭਾਗ ਦੀ ਵੈਬਸਾਈਟ ਰਾਹੀਂ ਨੋਟਿਸ ਜਾਰੀ ਕਰਦੇ ਹੋਏ ਸੀਨੀਆਰਤਾ ਬਨਾਉਣ ਲਈ ਅਧਿਕਾਰੀਆਂ/ਕਰਮਚਾਰੀਆਂ/ਰਿਟਾਇਰੀਆਂ ਦੀ ਨਿਯੁਕਤੀ ਅਤੇ ਸੇਵਾਵਾਂ ਦੇ ਵੇਰਵੇ ਮੰਗੇ ਗਏ ਸਨ। ਉਕਤ ਨੋਟਿਸ ਦੇ ਸਬੰਧ ਵਿੱਚ ਵਿਭਾਗ ਵੱਲੋਂ ਮਿਤੀ 04/11/2024 ਨੂੰ ਪਹਿਲਾ ਪੜ੍ਹਾਅ ਵੈਬਸਾਈਟ ਤੇ ਪ੍ਰਕਾਸ਼ਿਤ ਕੀਤੀ ਗਿਆ ਸੀ, ਇਸ ਦੀ ਲਗਾਤਾਰਤਾ ਵਿੱਚ ਪ੍ਰਾਪਤ ਦਸਤਾਵੇਜ਼ਾਂ ਅਨੁਸਾਰ ਵਿਭਾਗ ਵੱਲੋਂ ਲੈਕਚਰਾਰ ਕਾਡਰ ਦੀ ਸੀਨੀਆਰਤਾ ਦਾ ਦੂਜਾ ਪੜ੍ਹਾਅ ਸਾਲ 2015 ਤੱਕ ਦੀ ਡਰਾਫਟ ਸੂਚੀ ਤਿਆਰ ਕਰਦੇ ਹੋਏ ਨਾਲ ਨੱਥੀ ਕੀਤੀ ਜਾਂਦੀ ਹੈ।

2.0 ਜੇਕਰ ਜਾਰੀ ਨਾਲ ਨੱਥੀ ਸੂਚੀ ਵਿੱਚ ਕਿਸੇ ਅਧਿਕਾਰੀ/ਕਰਮਚਾਰੀ/ਰਿਟਾਇਰੀ ਦੇ ਨਿਯੁਕਤੀ ਦੇ ਵੇਰਵਿਆਂ ਵਿੱਚ ਕਿਸੇ ਕਿਸਮ ਦੀ ਕੋਈ ਤਰੁਟੀ ਧਿਆਨ ਵਿੱਚ ਆਉਂਦੀ ਹੈ ਤਾਂ ਸਬੰਧਤ ਅਧਿਕਾਰੀ/ਕਰਮਚਾਰੀ/ਰਿਟਾਇਰੀ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਆਪਣਾ ਇਤਰਾਜ ਸਮੇਤ ਦਸਤਾਵੇਜ ਮੁੱਖ ਦਫਤਰ ਵਿਖੇ ਰਜਿਸਟਰਡ ਪੋਸਟ ਰਾਹੀਂ ਹੇਠ ਲਿਖੇ ਪਤੇ ਤੇ **ਮਿਤੀ 12.12.2024 ਤੱਕ** ਭੇਜ ਸਕਦੇ ਹਨ। ਉਕਤ ਤੋਂ ਇਲਾਵਾ ਨਾਲ ਨੱਥੀ ਪ੍ਰੋਫਾਰਮੇ ਤੋਂ ਇਲਾਵਾ ਜੇਕਰ ਸਬੰਧਤ ਆਪਣੀ ਨਿਯੁਕਤੀ ਸਬੰਧੀ ਕੁਝ ਹੋਰ ਦੱਸਣਾ ਚਾਹੁੰਦਾ ਹੈ ਤਾਂ ਲਿਖਤੀ ਪੱਤਰ ਨਾਲ ਭੇਜ ਸਕਦਾ ਹੈ। ਇਸ ਦੇ ਨਾਲ ਹੀ ਇਹ ਵੀ ਦੱਸਣਯੋਗ ਹੋਵੇਗਾ ਕਿ ਨਿਰਧਾਰਿਤ ਸਮੇਂ ਤੋਂ ਬਾਅਦ ਪ੍ਰਾਪਤ ਹੋਣ ਵਾਲੇ ਕਲੇਮ ਵਿਚਾਰਨਯੋਗ ਨਹੀਂ ਹੋਣਗੇ।

Lecturer Seniority

Assistant Director (Promotion )
Promotion Cell, Office of Directorate of School Education ( Secondary)
Complex Punjab School Education Board, E-Block, 4th Floor,
SAS Nagar (Mohali)

3.0 ਉਕਤ ਅਨੁਸਾਰ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਵਿਭਾਗ ਵੱਲੋਂ ਸਾਰੇ ਕਰਮਚਾਰੀ (ਮੌਜੂਦਾ/ਰਿਟਾਇਰੀ/ਪ੍ਰਮੋਟਿਡ/ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ/ ਸੇਵਾਵਾਂ ਬਰਖਾਸਤ ਹੋ ਚੁੱਕੀਆਂ /ਅਸਤੀਫਾ ਦੇ ਚੁੱਕੇ ਆਦਿ) ਦੇ ਸੇਵਾਵਾਂ/ਨਿਯੁਕਤੀ ਦੇ ਵੇਰਵਿਆਂ ਦੀ ਪੁਸ਼ਟੀ ਕੀਤੀ ਜਾ ਰਹੀ ਹੈ, ਇਸ ਨੂੰ ਕਿਸੇ ਵੀ ਤਰ੍ਹਾਂ ਅੰਤਿਮ ਰੂਪ ਨਾ ਸਮਝਿਆ ਜਾਵੇ।

ਨੱਥੀ / ਪ੍ਰੋਫਾਰਮਾ

18/11/24

ਸਹਾਇਕ ਡਾਇਰੈਕਟਰ (ਪ੍ਰਮੋਸ਼ਨ ਸੈਲ)

Scanned with OKEN Scanner